# India-US hold 2 plus 2 intersessional meeting

September 11, 2020

----------------------------------------------------------------------------------------------------------------------------------------

## ਭਾਰਤ-ਅਮਰੀਕਾ ਵਿਚਾਲੇ ਹੋਈ 2 + 2 ਇੰਟਰ-ਸੈਸ਼ਨਲ ਮੀਟਿੰਗ

11 ਸਤੰਬਰ, 2020

ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਨੇ 11 ਸਤੰਬਰ, 2020 ਨੂੰ ਵਰਚੁਅਲ ਮਾਧਿਅਮ ਰਾਹੀਂ ਅਧਿਕਾਰਤ ਪੱਧਰ 'ਤੇ 2 + 2 ਇੰਟਰ-ਸੈਸ਼ਨਲ ਬੈਠਕ ਕੀਤੀ। ਭਾਰਤੀ ਵਫਦ ਦੀ ਸਹਿ-ਅਗਵਾਈ ਵਿਦੇਸ਼ ਮੰਤਰਾਲੇ ਵਿਚ ਸੰਯੁਕਤ ਸਕੱਤਰ (ਅਮਰੀਕਾ) ਸ੍ਰੀਮਤੀ ਵਾਨੀ ਰਾਓ ਅਤੇ ਰੱਖਿਆ ਮੰਤਰਾਲੇ ਵਿਚ ਸੰਯੁਕਤ ਸਕੱਤਰ (ਕੌਮਾਂਤਰੀ ਭਾਈਵਾਲੀ) ਸ਼੍ਰੀ ਸੋਮਨਾਥ ਘੋਸ਼ ਨੇ ਕੀਤੀ। ਅਮਰੀਕੀ ਵਫਦ ਦੀ ਸਹਿ-ਅਗਵਾਈ ਸੰਯੁਕਤ ਰਾਜ ਅਮਰੀਕਾ ਦੇ ਵਿਦੇਸ਼ ਵਿਭਾਗ ਵਿੱਚ ਦੱਖਣੀ ਅਤੇ ਕੇਂਦਰੀ ਏਸ਼ੀਅਨ ਮਾਮਲਿਆਂ ਦੇ ਸੀਨੀਅਰ ਬਿਊਰੋ ਅਧਿਕਾਰੀ ਡੀਨ ਥੌਮਸਨ ਅਤੇ ਸੰਯੁਕਤ ਰਾਜ ਅਮਰੀਕਾ ਦੇ ਰੱਖਿਆ ਵਿਭਾਗ ਵਿੱਚ ਭਾਰਤ-ਪ੍ਰਸ਼ਾਂਤ ਸੁਰੱਖਿਆ ਮਾਮਲਿਆਂ ਦੇ ਕਾਰਜਕਾਰੀ ਸਹਾਇਕ ਸਕੱਤਰ ਸ੍ਰੀ ਡੇਵਿਡ ਹੈਲ ਵੇ ਨੇ ਕੀਤੀ।

ਦੋਵਾਂ ਧਿਰਾਂ ਨੇ 18 ਦਸੰਬਰ, 2019 ਨੂੰ ਵਾਸ਼ਿੰਗਟਨ DC ਹੋਈ ਪਿਛਲੀ 2 + 2 ਮੰਤਰੀਮੰਡਲੀ ਮੀਟਿੰਗ ਤੋਂ ਬਾਅਦ ਰੱਖਿਆ, ਸੁਰੱਖਿਆ ਅਤੇ ਵਿਦੇਸ਼ ਨੀਤੀ ਦੇ ਖੇਤਰਾਂ ਵਿੱਚ ਦੁਵੱਲੇ ਸਬੰਧਾਂ ਵਿੱਚ ਹੋਈ ਤਰੱਕੀ ਅਤੇ ਵਿਕਾਸ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਆਪਸੀ ਹਿਤਾਂ ਦੇ ਅਧਾਰ ਤੇ ਇਨ੍ਹਾਂ ਖੇਤਰਾਂ ਵਿਚ ਮੌਜੂਦਾ ਭਾਈਵਾਲੀ ਨੂੰ ਵਧਾਉਣ ਬਾਰੇ ਵੀ ਗੱਲਬਾਤ ਕੀਤੀ। ਉਨ੍ਹਾਂ ਨੇ ਖੇਤਰੀ ਘਟਮਨਾਕ੍ਰਮ ਬਾਰੇ ਵਟਾਂਦਰੇ ਕੀਤੀ ਅਤੇ ਆਜ਼ਾਦ, ਖੁੱਲੇ, ਸਮਾਵੇਸ਼ੀ, ਸ਼ਾਂਤ ਅਤੇ ਖੁਸ਼ਹਾਲ ਭਾਰਤ -ਪ੍ਰਸ਼ਾਂਤ ਲਈ ਆਪਣੀ ਕੋਸ਼ਿਸ਼ ਨੂੰ ਅੱਗੇ ਵਧਾਉਣ ਉੱਤੇ ਸਹਿਮਤੀ ਪ੍ਰਗਟਾਈ।

ਇਹ ਇੰਟਰ-ਸੈਸ਼ਨਲ ਮੀਟਿੰਗ ਪ੍ਰਣਾਲੀ 2 + 2 ਮੰਤਰੀਮੰਡਲੀ ਬੈਠਕ ਤੋਂ ਬਾਅਦ ਸਥਾਪਤ ਕੀਤੀ ਗਈ ਸੀ। ਦੋਵੇਂ ਧਿਰਾਂ ਨੇ ਇਹ ਵਿਚਾਰ ਵਟਾਂਦਰੇ ਭਵਿੱਖ ਵਿੱਚ ਜਾਰੀ ਰੱਖਣ ਉੱਤੇ ਸਹਿਮਤੀ ਦਿੱਤੀ।

ਨਵੀਂ ਦਿੱਲੀ
11 ਸਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.